# **ਫ਼ਿਸਟੂਲਾ ਅਤੇ ਗ੍ਰਾਫ਼ਟ ਵਿੱਚੋਂ ਖ਼ੂਨ ਵਗਣਾ:** ਕੀ ਕਰਨਾ ਹੈ
# **Bleeding Fistula or Graft:** What To Do

BCRenal
Provincial Health Services Authority

- ਇੰਝ ਬਹੁਤ ਘੱਟ ਹੁੰਦਾ ਹੈ ਕਿ ਡਾਇਐਲਿਸਿਸ ਯੂਨਿਟ ਤੋਂ ਤੁਹਾਡੇ ਚਲੇ ਜਾਣ ਮਗਰੋਂ ਫਿਸਟੂਲਾ ਜਾਂ ਗ੍ਰਾਫ਼ਟ ਵਿੱਚੋਂ ਖ਼ੂਨ ਵਗੇ।
- ਇਹ ਬ੍ਰੋਸ਼ਰ ਤੁਹਾਨੂੰ ਦੱਸਦਾ ਹੈ ਕਿ ਜੇ ਇੰਝ ਹੋਵੇ ਤਾਂ ਕੀ ਕਰਨਾ ਹੈ।

**ਮੈਨੂੰ ਜਿਨ੍ਹਾਂ ਥਾਵਾਂ 'ਤੇ ਸੂਈਆਂ ਲਗਾਈਆਂ ਜਾਂਦੀਆਂ ਹਨ ਜੇ ਘਰ ਵਿੱਚ ਉੱਥੋਂ ਖ਼ੂਨ ਵਗਣ ਲੱਗੇ ਤਾਂ ਮੈਨੂੰ ਕਿਹੜੀਆਂ ਚੀਜ਼ਾਂ ਦੀ ਲੋੜ ਪਵੇਗੀ?**
- ਗੌਜ਼ ਪੈਡ
- ਟੇਪ
- ਦਸਤਾਨੇ

**ਇਨ੍ਹਾਂ ਚੀਜ਼ਾਂ ਨੂੰ ਆਪਣੀ ਐਮਰਜੰਸੀ ਕਿੱਟ ਵਿੱਚ ਰੱਖੋ।**

## ਡਾਇਐਲਿਸਿਸ ਯੂਨਿਟ ਤੋਂ ਚਲੇ ਜਾਣ ਮਗਰੋਂ ਜੇ ਸੂਈ ਲਗਾਉਣ ਵਾਲੀਆਂ ਮੇਰੀਆਂ ਥਾਵਾਂ ਤੋਂ ਖ਼ੂਨ ਵਗਣ ਲੱਗੇ ਤਾਂ ਮੈਂ ਕੀ ਕਰਾਂ?

1. ਸ਼ਾਂਤ ਰਹੋ!
2. ਸੂਈ ਵਾਲੀਆਂ ਥਾਵਾਂ ਨੂੰ ਦਬਾਓ:
   - ਗੌਜ਼, ਸਾਫ਼ ਕੱਪੜੇ, ਟਿਸ਼ੂ ਜਾਂ ਪੇਪਰ ਟਾਵਲ ਦੀ ਵਰਤੋਂ ਕਰੋ।
   - ਥਾਂ ਨੂੰ ਦੋ ਉਂਗਲਾਂ ਨਾਲ 15 ਮਿੰਟਾਂ ਲਈ ਦਬਾਓ।
   - ਜਿਸ ਬਾਂਹ ਵਿੱਚੋਂ ਲਹੂ ਵਗਦਾ ਹੈ ਉਸ ਨੂੰ ਦਿਲ ਦੇ ਪੱਧਰ ਤੋਂ ਉੱਪਰ ਰੱਖੋ।
3. ਨੇੜਿਉਂ ਕਿਸੇ ਨੂੰ ਮਦਦ ਲਈ ਸੱਦੋ!
4. ਜੇ ਖ਼ੂਨ ਵਗਣਾ ਰੁਕ ਜਾਵੇ ਤਾਂ ਬੈਂਡ-ਏਡ ਲਗਾਓ। ਅਗਲੀ ਵਾਰੀ ਜਦੋਂ ਤੁਸੀਂ ਡਾਇਐਲਿਸਿਸ ਕਰਵਾਉਣ ਜਾਓ ਤਾਂ ਨਰਸ ਨੂੰ ਖ਼ੂਨ ਵਗਣ ਬਾਰੇ ਦੱਸੋ।
5. ਜੇ ਖ਼ੂਨ ਵਗਣਾ ਨਾ ਰੁਕੇ ਤਾਂ 911 'ਤੇ ਫ਼ੋਨ ਕਰੋ।






**ਸੂਈ ਦੇ ਛੇਦ ਉੱਪਰ ਦਬਾਓ ਕਿਵੇਂ ਪਾਉਣਾ ਹੈ**